ਪੇਪਰ ਪੰਜਾਬੀ-ਬੀ, ਦੁਹਰਾਈ ਸ਼ੀਟ-10
ਜਮਾਤ-ਦਸਵੀਂ
ਮਿਤੀ-07.04.2020

# ਭਾਸ਼ਾ ਅਤੇ ਪੰਜਾਬੀ ਭਾਸ਼ਾ

8. **ਟਕਸਾਲੀ ਜਾਂ ਮਿਆਰੀ** ਪੰਜਾਬੀ ਭਾਸ਼ਾ ਕਿਸ ਨੂੰ ਕਹਿੰਦੇ ਹਨ?
**ਉੱਤਰ:- ਟਕਸਾਲੀ ਭਾਸ਼ਾ** ਇੱਕ ਆਦਰਸ਼ ਭਾਸ਼ਾ ਹੁੰਦੀ ਹੈ ਜੋ ਸਾਰੇ ਇਲਾਕੇ ਵਿੱਚ ਸਾਂਝੀ ਭਾਸ਼ਾ ਵਜੋਂ ਮਾਨਤਾ ਰੱਖਦੀ ਹੈ। ਪੰਜਾਬੀ ਦੀਆਂ ਥੋੜ੍ਹੇ-ਬਹੁਤੇ ਫ਼ਰਕ ਵਾਲੀਆਂ ਉਪਭਾਸ਼ਾਵਾਂ ਨੂੰ ਛੱਡ ਕੇ ਸਾਰੇ ਪੰਜਾਬ ਵਿੱਚ ਜਿਹੜੀ **ਸਰਬ-ਸਾਂਝੀ ਭਾਸ਼ਾ** ਵਰਤੀ ਜਾਂਦੀ ਹੈ, ਉਸ ਨੂੰ ਟਕਸਾਲੀ ਜਾਂ ਮਿਆਰੀ ਉਪਭਾਸ਼ਾ ਕਿਹਾ ਜਾਂਦਾ ਹੈ। **ਮਾਝੀ ਉਪਭਾਸ਼ਾ** ਨੂੰ ਪੰਜਾਬੀ ਦੀ **ਟਕਸਾਲੀ ਭਾਸ਼ਾ** ਹੋਣ ਦਾ ਮਾਣ ਪ੍ਰਾਪਤ ਹੈ।

9. ਟਕਸਾਲੀ ਜਾਂ ਮਿਆਰੀ ਪੰਜਾਬੀ ਭਾਸ਼ਾ ਦੀ ਕੀ ਉਪਯੋਗਤਾ ਹੈ?
**ਉੱਤਰ:-** ਇਹ ਭਾਸ਼ਾ **ਸਰਕਾਰੀ ਪ੍ਰਬੰਧ, ਸਿੱਖਿਆ, ਸਾਹਿਤ, ਸੱਭਿਆਚਾਰ ਅਤੇ ਵਪਾਰ** ਆਦਿ ਦੀਆਂ ਲੋੜਾਂ ਨੂੰ ਪੂਰਾ ਕਰਦੀ ਹੈ। ਪੰਜਾਬੀ ਵਿੱਚ **ਸਮਾਚਾਰ-ਪੱਤਰ, ਰੇਡੀਓ, ਟੈਲੀਵੀਜ਼ਨ ਦੇ ਸਮਾਚਾਰਾਂ ਅਤੇ ਪਾਠ-ਪੁਸਤਕਾਂ** ਟਕਸਾਲੀ ਭਾਸ਼ਾ ਵਿੱਚ ਹੀ ਪੇਸ਼ ਕੀਤੀਆਂ ਜਾਂਦੀਆਂ ਹਨ।

11. **ਮਲਵਈ ਉਪਭਾਸ਼ਾ** ਕਿਹੜੇ-ਕਿਹੜੇ ਜ਼ਿਲ੍ਹਿਆਂ ਵਿੱਚ ਬੋਲੀ ਜਾਂਦੀ ਹੈ?
**ਉੱਤਰ:-** ਜ਼ਿਲ੍ਹਾ **ਲੁਧਿਆਣਾ, ਮੁਕਤਸਰ, ਫ਼ਰੀਦਕੋਟ, ਫ਼ਾਜ਼ਿਲਕਾ, ਮੋਗਾ, ਬਠਿੰਡਾ, ਮਾਨਸਾ, ਬਰਨਾਲ਼ਾ, ਫ਼ਿਰੋਜ਼ਪੁਰ, ਸਿਰਸਾ (ਹਰਿਆਣਾ) ,ਸੰਗਰੂਰ, ਫ਼ਤਿਹਗੜ੍ਹ ਸਾਹਿਬ** ਦਾ ਕੁਝ ਹਿੱਸਾ ਤੇ **ਪਟਿਆਲ਼ੇ** ਜ਼ਿਲ੍ਹੇ ਦਾ ਪੱਛਮੀ ਭਾਗ।

12. **ਰਾਵੀ ਅਤੇ ਬਿਆਸ** ਦਰਿਆਵਾਂ ਦੇ ਵਿਚਕਾਰ ਕਿਹੜੀ ਉਪਭਾਸ਼ਾ ਬੋਲੀ ਜਾਂਦੀ ਹੈ?
**ਉੱਤਰ:- ਰਾਵੀ ਅਤੇ ਬਿਆਸ** ਦਰਿਆਵਾਂ ਦੇ ਵਿਚਕਾਰ **ਮਾਝੀ ਉਪਭਾਸ਼ਾ** ਬੋਲੀ ਜਾਂਦੀ ਹੈ ।

6. **ਪਿਜ਼ਿਨ ਅਤੇ ਕਰੀਓਲ** ਭਾਸ਼ਾ-ਵੰਨਗੀਆਂ ਵਿੱਚ ਕੀ ਅੰਤਰ ਹੈ?
**ਉੱਤਰ:- ਪਿਜ਼ਿਨ** ਦਾ ਭਾਵ ਹੈ, **ਕੰਮ ਚਲਾਊ ਭਾਸ਼ਾ**। ਪਰ ਸਮਾਂ ਪਾ ਕੇ ਜੇ ਇਹੀ ਭਾਸ਼ਾ **ਸਥਾਨਿਕ ਭਾਸ਼ਾ** ਬਣ ਜਾਵੇ ਤਾਂ ਉਸ ਨੂੰ **ਕਰੀਓਲ** ਦਾ ਨਾਂ ਦਿੱਤਾ ਜਾਂਦਾ ਹੈ।

7. **ਪਿੰਗਲਿਸ਼ ਕਿ**ਹੜੀ ਭਾਸ਼ਾ ਨੂੰ ਕਿਹਾ ਜਾਂਦਾ ਹੈ?
**ਉੱਤਰ:-** ਪੰਜਾਬੀ ਲੋਕ ਆਪਸ ਵਿੱਚ ਗੱਲਬਾਤ ਕਰਨ ਸਮੇਂ ਅੰਗਰੇਜ਼ੀ ਸ਼ਬਦਾਂ ਦੀ ਬਹੁਤਾਤ ਵਿੱਚ ਵਰਤੋਂ ਕਰਦੇ ਹਨ। ਅਜਿਹੀ **ਅੰਗਰੇਜ਼ੀਨੁਮਾ ਪੰਜਾਬੀ** ਨੂੰ **ਪਿੰਗਲਿਸ਼** ਦਾ ਨਾਂ ਦਿੱਤਾ ਜਾਂਦਾ ਹੈ।
8. ਦੱਸੋ, ਪੰਜਾਬ ਦੇ ਹੇਠ ਲਿਖੇ ਜ਼ਿਲ੍ਹਿਆਂ ਵਿੱਚ ਕਿਹੜੀ-ਕਿਹੜੀ ਉਪਭਾਸ਼ਾ ਵਰਤੀ ਜਾਂਦੀ ਹੈ?
ਬਠਿੰਡਾ, ਸ਼ਹੀਦ ਭਗਤ ਸਿੰਘ ਨਗਰ, ਹੁਸ਼ਿਆਰਪੁਰ, ਤਰਨਤਾਰਨ, ਗੁਰਦਾਸਪੁਰ, ਫ਼ਾਜ਼ਿਲਕਾ, ਰੂਪਨਗਰ, ਫ਼ਤਿਹਗੜ੍ਹ ਸਾਹਿਬ, ਪਟਿਆਲ਼ਾ

**ਉੱਤਰ:-** ਬਠਿੰਡਾ, ਫ਼ਾਜ਼ਿਲਕਾ- **ਮਲਵਈ**
ਸ਼ਹੀਦ ਭਗਤ ਸਿੰਘ ਨਗਰ, ਹੁਸ਼ਿਆਰਪੁਰ- **ਦੁਆਬੀ**
ਤਰਨਤਾਰਨ, ਗੁਰਦਾਸਪੁਰ- **ਮਾਝੀ**
ਰੂਪਨਗਰ - **ਪੁਆਧੀ**
ਫ਼ਤਿਹਗੜ੍ਹ ਸਾਹਿਬ, ਪਟਿਆਲ਼ਾ- **ਮਲਵਈ ਅਤੇ ਪੁਆਧੀ**

ਰੰਗ ਹਰਜਿੰਦਰ ਸਿੰਘ

ਸਟੇਟ ਰਿਸੋਰਸ ਪਰਸਨ, ਪੰਜਾਬੀ

9501400377